## ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ, ਐਸ.ਏ ਐਸ .ਨਗਰ

ਸੇਵਾ ਵਿਖੇ

1. ਮੁੱਖ ਪ੍ਰਸਾਸਕ, ਪੁਡਾ, ਐਸ.ਏ.ਐਸ.ਨਗਰ।
2. ਮੁੱਖ ਪ੍ਰਸਾਸਕ, ਗਮਾਡਾ, ਐਸ.ਏ. ਐਸ.ਨਗਰ।
3. ਮੁੱਖ ਪ੍ਰਸਾਸਕ, ਗਲਾਡਾ, ਲੁਧਿਆਣਾ।
4. ਮੁੱਖ ਪ੍ਰਸਾਸਕ, ਬਠਿੰਡਾ ਡਿਵੈਲਪਮੈਂਟ ਅਥਾਰਟੀ, ਬਠਿੰਡਾ।
5. ਮੁੱਖ ਪ੍ਰਸਾਸਕ, ਅੰਮ੍ਰਿਤਸਰ ਡਿਵੈਲਪਮੈਂਟ ਅਥਾਰਟੀ, ਅੰਮ੍ਰਿਤਸਰ।
6. ਮੁੱਖ ਪ੍ਰਸਾਸਕ, ਜਲੰਧਰ ਡਿਵੈਲਪਮੈਂਟ ਅਥਾਰਟੀ, ਜਲੰਧਰ।
7. ਮੁੱਖ ਪ੍ਰਸਾਸਕ, ਪਟਿਆਲਾ, ਡਿਵੈਲਪਮੈਂਟ ਅਥਾਰਟੀ, ਪਟਿਆਲਾ।
8. ਮੁੱਖ ਨਗਰ ਯੋਜਨਾਕਾਰ, ਪੰਜਾਬ, ਚੰਡੀਗੜ੍ਹ।

ਨੰ: ਪੁਡਾ/ਅਡਵਾਈਜਰ (ਟੀ.ਪੀ) -10 23927-34 ਮਿਤੀ: 6-10-2010

**ਵਿਸ਼ਾ:-** **ਈ. ਡਬਲਯੂ. ਐਸ .ਦੇ ਮਕਾਨਾਂ ਸਬੰਧੀ ਅਤੇ ਮਿਤੀ 14-9-2010 ਨੂੰ ਸਕੱਤਰ ਮਕਾਨ ਉਸਾਰੀ ਸਹਿਰੀ ਵਿਕਾਸ ਵਿਭਾਗ ਪੰਜਾਬ-ਕਮ-ਵਾਇਸ ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੀ ਕਾਰਵਾਈ ਬਾਰੇ**

ਮਿਤੀ 14-9-2010 ਨੂੰ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਵਿਭਾਗੀ ਅਫਸਰਾਂ ਦੀ ਰੀਵਿਊ ਮੀਟਿੰਗ ਵਿੱਚ ਈ.ਡਬਲਯੂ.ਐਸ.ਹਾਊਸਿੰਗ ਨੂੰ ਪ੍ਰੋਤਸਾਹਨ ਦੇਣ ਸਬੰਧੀ ਵਿਚਾਰ ਕੀਤਾ ਗਿਆ ਸੀ। ਰਿਹਾਇਸ਼ੀ ਕਾਲੋਨੀਆਂ, ਮੇਗਾ, ਸੁਪਰ ਮੇਗਾ, ਆਈ.ਟੀ.ਪਾਰਕ ਅਤੇ ਇੰਡਸਟਰੀਅਲ ਪਾਰਕ ਆਦਿ ਵਿੱਚ ਈ.ਡਬਲਯੂ.ਐਸ.ਆਊਸਿੰਗ ਲਈ ਰਾਖਵੀਂ ਜਮੀਨ ਤੇ ਈ.ਡਬਲਯੂ. ਐਸ. ਹਾਊਸਿੰਗ ਨੂੰ ਕਿਸ ਤਰ੍ਹਾਂ ਵਡਾਵਾ ਦਿੱਤਾ ਜਾ ਸਕੇ ਵਿਚਾਰ ਕੀਤਾ ਗਿਆ ਸੀ, ਕਿਉਂਕਿ ਪ੍ਰਮੋਟਰਾਂ ਵੱਲੋਂ ਈ.ਡਬਲਯੂ.ਐਸ. ਹਾਊਸਿੰਗ ਵੱਲ ਧਿਆਨ ਨਹੀ ਂ ਦਿੱਤਾ ਜਾ ਰਿਹਾ। ਵਿਚਾਰ ਵਟਾਂਦਰੇ ਦੋਰਾਨ ਇਹ ਫੈਸਲਾ ਕੀਤਾ ਗਿਆ ਕਿ ਜੇਕਰ ਕੋਈ ਪ੍ਰਮੋਟਰ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 29.6.2010 ਦੀ ਰੋਸਨੀ ਵਿੱਚ ਈ.ਡੀ.ਸੀ., ਲਾਇਸੈਂਸ ਫੀਸ ਆਦਿ ਦੀ ਅਡਜਸਟਮੈਂਟ ਲਈ ਬੇਨਤੀ ਕਰਦਾ ਹੈ ਤਾਂ ਉਸ ਸਮੇਂ ਸਬੰਧਤ ਅਥਾਰਟੀਆਂ ਵੱਲੋਂ ਪ੍ਰਮੋਟਰ ਨੂੰ ਈ.ਡਬਲਯੂ.ਐਸ. ਹਾਊਸਿੰਗ ਦੀ ਸਕੀਮ ਸਬਮਿਟ ਕਰਨ ਲਈ ਕਿਹਾ ਜਾਵੇ। ਇਸੇ ਤਰ੍ਹਾਂ ਇਹ ਵੀ ਵਿਚਾਰ ਕੀਤਾ ਗਿਆ ਕਿ ਈ.ਡਬਲਯੂ.ਐਸ. ਹਾਊਸਿੰਗ ਤੇ ਸਰਕਾਰ ਵੱਲੋਂ ਲਾਇਸੈਂਸ ਫੀਸ, ਈ.ਡੀ.ਸੀ ਅਤੇ ਸੀ.ਐਲ.ਯੂ. ਚਾਰਜਿਜ ਖਤਮ ਗਏ ਹਨ ਇਸ ਲਈ ਇਹਨਾਂ ਦੀ ਅਡਜਸਟਮੈਂਟ ਪ੍ਰਮੋਟਰ ਨੂੰ ਉਦੋਂ ਹੀ ਦਿੱਤੀ ਜਾਵੇ ਜਦੋਂ ਉਹ ਈ.ਡਬਲਯੂ.ਐਸ.ਹਾਊਸਿੰਗ ਦੀ ਸਕੀਮ ਬਣਾ ਲੈਂਦਾ ਹੈ ਮੀਟਿੰਗ ਵਿੱਚ ਹੀ ਵਿਚਾਰ ਕੀਤਾ ਗਿਆ ਸੀ ਕਿ ਜਦੋਂ ਵੀ ਕੋਈ ਪ੍ਰਮੋਟਰ ਕਾਲੋਨੀ ਦਾ ਲਾਇਸੈਂਸ ਰੀਨਿਊ ਕਰਾਉਂਦਾ ਹੈ ਜਾਂ ਮੇਗਾ ਪ੍ਰਜੈਕਟ ਦੇ ਸਮੇਂ ਵਿੱਚ ਵਾਧੇ ਲਈ ਬੇਨਤੀ ਕਰਦਾ ਹੈ ਤਾ ਉਸ ਸਮੇਂ ਵੀ ਪ੍ਰਮੋਟਰ ਨੂੰ ਈ.ਡਬਲਯੂ.ਐਸ.ਸਕੀਮ ਬਣਾਉਣ ਬਾਰੇ ਕਿਹਾ ਜਾਵੇ । ਇਸੇ ਤਰ੍ਹਾਂ ਜੇਕਰ ਕੋਈ ਪ੍ਰਮੋਟਰ ਲੇਆਉਟ ਪਲੈਨ ਦੀ ਰਵੀਜਨ ਕਰਾਉਂਦਾ ਹੈ ਜਾਂ ਲੇ-ਆਉਟ ਪਲੈਨ ਦੀ ਜੋਨਿੰਗ ਆਦਿ ਪ੍ਰਵਾਨ ਕਰਾਉਣ ਲਈ ਕੇਸ ਪੇਸ਼ ਕਰਦਾ ਹੈ ਉਸ ਸਮੇਂ ਵੀ ਪ੍ਰਮੋਟਰ ਨੂੰ ਈ.ਡਬਲਯੂ.ਐਸ.ਹਾਊਸਿੰਗ ਦਾ ਪ੍ਰੋਜੈਕਟ ਬਣਾਉਣ ਲਈ ਕਿਹਾ ਜਾਵੇ

ਉਪਰੋਕਤ ਅਨੁਸਾਰ ਸਬੰਧਤ ਪ੍ਰਮੋਟਰਾਂ ਨੂੰ ਜਿਹਨਾਂ ਵੱਲੋਂ ਅਜੇ ਈ.ਡਬਲਯੂ.ਐਸ.ਹਾਊਸਿੰਗ ਦੇ ਪ੍ਰੋਜੈਕਟ ਨਹੀਂ ਬਣਾਏ ਗਏ, ਉਹਨਾਂ ਨਾਲ ਅਥਾਰਟੀ ਪੱਧਰ ਤੇ ਤਾਲਮੇਲ ਕੀਤਾ ਜਾਵੇ ਤਾਂ ਜੋ ਈ.ਡਬਲਯੂ.ਐਸ. ਹਾਊਸਿੰਗ ਦੀਆਂ ਸਕੀਮਾ ਬਣ ਸਕਣ, ਜਿਸ ਦੇ ਨਾਲ ਗਰੀਬ ਲੋਕਾਂ ਨੂੰ ਮਕਾਨ ਮਿਲਣ।

ਅਡਵਾਈਜਰ (ਟਾਊਨ ਪਲੈਨਿੰਗ) ਪੁਡਾ, ਮੋਹਾਲੀ।

ਸੀਸੀ: ਉਪਰੋਕਤ ਦੀ ਕਾਪੀ ਸਕੱਤਰ/ਵੀ.ਸੀ., ਪੁਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।